# Virtual Summit between Prime Minister NarendraModi and Italy's Prime Minister Prof। Giuseppe Conte

November 04, 2020

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਪ੍ਰੋਫੈਸਰ ਜਿਸੇੱਪ ਕੌਂਟੇ ਵਿਚਾਲੇ ਹੋਈ ਵਰਚੁਅਲ ਸ਼ਿਖਰ ਵਾਰਤਾ

4 ਨਵੰਬਰ, 2020

1. 6 ਨਵੰਬਰ 2020 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਪ੍ਰੋਫੈਸਰ ਜਿਸੇੱਪ ਕੌਂਟੇ ਵਿਚਾਲੇ ਵਰਚੁਅਲ ਸ਼ਿਖਰ ਵਾਰਤਾ ਕਰਾਈ ਜਾ ਰਹੀ ਹੈ।

2. ਭਾਰਤ ਅਤੇ ਇਟਲੀ ਦਰਮਿਆਨ ਮਜ਼ਬੂਤ ਇਤਿਹਾਸਕ ਸਬੰਧਾਂ, ਸਾਂਝੀਆਂ ਲੋਕਤਾਂਤਰਿਕ ਰਿਵਾਇਤਾਂ, ਕਾਨੂੰਨ ਦੇ ਰਾਜ ਅਤੇ ਕੌਮਾਂਤਰੀ ਸ਼ਾਂਤੀ ਅਤੇ ਸਥਿਰਤਾ ਦੇ ਸਾਂਝੇ ਟੀਚੇ ਦੇ ਅਧਾਰ 'ਤੇ ਨਿੱਘੇ ਅਤੇ ਬਹੁਪੱਖੀ ਰਿਸ਼ਤੇ ਹਨ। ਭਾਰਤ, ਇਟਲੀ ਨੂੰ ਯੂਰਪੀਅਨ ਯੂਨੀਅਨ ਦਾ ਮਹੱਤਵਪੂਰਨ ਮੈਂਬਰ ਮੰਨਦਾ ਹੈ ਅਤੇ ਭਾਰਤ-ਯੂਰਪੀਅਨ ਯੂਨੀਅਨ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਵਿੱਚ ਇਸ ਦੇ ਸਕਾਰਾਤਮਕ ਯੋਗਦਾਨ ਦਾ ਸਨਮਾਨ ਕਰਦਾ ਹੈ।

3. ਭਾਰਤ-ਇਟਲੀ ਸਬੰਧਾਂ ਵਿੱਚ ਬਾਕਾਇਦਾ ਉੱਚ ਪੱਧਰੀ ਵਟਾਂਦਰੇ ਹੁੰਦੇ ਰਹੇ ਹਨ, ਜਿਸ ਵਿੱਚ ਇਟਲੀ ਦੇ ਪ੍ਰਧਾਨ ਮੰਤਰੀਆਂ ਵੱਲੋਂ 2017 ਅਤੇ 2018 ਵਿਚ ਕੀਤੀਆਂ ਗਈਆਂ ਭਾਰਤ ਦੀਆਂ ਫੇਰੀਆਂ ਸ਼ਾਮਲ ਹਨ। ਸਾਲ 2019 ਵਿਚ ਦੁਵੱਲਾ ਵਪਾਰ 9.52 ਅਰਬ ਯੂਰੋ  ਦਾ ਸੀ। ਜਰਮਨੀ, ਬੈਲਜੀਅਮ, ਇੰਗਲੈਂਡ ਅਤੇ ਫਰਾਂਸ ਤੋਂ ਬਾਅਦ ਇਟਲੀ ਯੂਰਪੀਅਨ ਯੂਨੀਅਨ ਵਿੱਚ ਭਾਰਤ ਦਾ 5ਵਾਂ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਲਗਭਗ 600 ਵੱਡੀਆਂ ਇਟਾਲੀਅਨ ਕੰਪਨੀਆਂ ਭਾਰਤ ਵਿੱਚ ਸਰਗਰਮ ਹਨ, ਜੋ ਵੱਖ ਵੱਖ ਖੇਤਰਾਂ ਜਿਵੇਂ ਫੈਸ਼ਨ ਅਤੇ ਕਪੜਿਆਂ, ਟੈਕਸਟਾਈਲ ਅਤੇ ਟੈਕਸਟਾਈਲ ਮਸ਼ੀਨਰੀ, ਆਟੋਮੋਟਿਵ ਕਲ-ਪੁਰਜ਼ੇ, ਬੁਨਿਆਦੀ ਢਾਂਚਾ, ਰਸਾਇਣਾਂ, ਊਰਜਾ, ਕਨਫੈਕਸ਼ਨਰੀ, ਬੀਮਾ ਆਦਿ ਵਿੱਚ ਕੰਮ ਕਰ ਰਹੀਆਂ ਹਨ। ਦੋਨਾਂ ਸਰਕਾਰਾਂ ਅਤੇ ਨਿਜੀ ਖੇਤਰ ਦੇ ਪੱਧਰ ਤੇ ਕਈ ਸਮਝੌਤਿਆਂ/ ਮੈਮੋਰੈਂਡਮ ਆਫ ਅੰਡਰਸਟੈਂਡਿੰਗ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਸ ਮੌਕੇ 'ਤੇ ਇਨ੍ਹਾਂ ਤੇ ਹਸਤਾਖਰ ਹੋਣਗੇ।

4. ਇਸ ਵਰਚੁਅਲ ਦੁਵੱਲੇ ਸ਼ਿਖਰ ਸੰਮੇਲਨ ਨਾਲ ਦੋਨਾਂ ਆਗੂਆਂ ਨੂੰ ਦੁਵੱਲੇ ਸੰਬੰਧਾਂ ਦੇ ਵਿਆਪਕ ਢਾਂਚੇ ਦੀ ਸਮੀਖਿਆ ਕਰਨ ਅਤੇ ਆਪਸੀ ਹਿਤ ਦੇ ਪ੍ਰਮੁੱਖ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲੇਗਾ।

ਨਵੀਂ ਦਿੱਲੀ
4 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.